<u>Guru Nanak National College, Doraha</u>

**7.1.8 Describe the Institutional efforts/initiatives in providing an inclusive environment i.e., tolerance and harmony towards cultural, regional, linguistic, communal socioeconomic and other diversities**

# Guru Nanak National College organize Shabad Gayan (Solo) competition in collaboration with Department of Youth Welfare, Panjab University, Chandigarh in the month of December, 2020






**Result, Shabad Gayan Competition (Online) 02.12.2020**
**Organized by: Guru Nanak National College, Doraha**
**In collaboration with**
**Department of Youth Welfare,**
**Panjab University, Chandigarh**

| Name of Participant | Name of the College | Position |
|---|---|---|
| Manveer Kaur | Govt. College for Girls, Ludhiana | 1st |
| Gursewak Singh | Govt. College, Hoshiarpur | 2nd |
| Sukhdeep Kaur | Guru Nanak College, Sri Muktsar Sahib | 2nd Bracketed |
| Manpreet Kaur | Gopichand Arya Mahila College, Abohar | 3rd |
| Kamaldeep Kaur | Khalsa College for Women, Sidhwan Khurd | 3rd Bracketed |

(Dr. Nirmal Jaura)
Director,
Youth Welfare,
Panjab University, Chandigarh

(Dr. Narinder Singh Sidhu)
Principal
Guru Nanak National College,
Doraha.

Declaration: 07-12-2020

**ਰਾਸ਼ਟਰੀ ਵੈਬੀਨਾਰ (ਸ਼੍ਰੀ ਗੁਰੂ ਤੇਗ਼ ਬਹਾਦਰ ਜੀ : ਜੀਵਨ, ਦਰਸ਼ਨ ਅਤੇ ਯੋਗਦਾਨ)**

ਪੰਜਾਬ ਸਰਕਾਰ ਦੁਆਰਾ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਵਿਖੇ ਯੁਵਕ ਭਾਲਾਈ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ **'ਸ਼੍ਰੀ ਗੁਰੂ ਤੇਗ਼ ਬਹਾਦਰ ਜੀ : ਜੀਵਨ, ਦਰਸ਼ਨ ਅਤੇ ਯੋਗਦਾਨ'** ਵਿਸ਼ੇ ਉੱਤੇ ਮਿਤੀ 30 ਮਾਰਚ, 2021 ਨੂੰ ਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ। ਮਾਣਯੋਗ ਉਪ-ਕੁਲਪਤੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਪ੍ਰੋ. ਰਾਜਕੁਮਾਰਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਰਾਸ਼ਟਰੀ ਵੈਬੀਨਾਰ ਵਿੱਚ ਡਾ. ਸੰਜੇ ਕੌਸ਼ਿਕ, ਡੀ.ਸੀ.ਡੀ.ਸੀ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਅਤੇ ਸ. ਪਰਮਜੀਤ ਸਿੰਘ, ਡੀ.ਪੀ.ਆਈ. ਕਾਲਜਾਂ ਨੇ ਪੰਜਾਬ ਸਰਕਾਰ ਵਲੋਂ ਇਸ ਵੈਬੀਨਾਰ ਦੀ ਸਰਪ੍ਰਸਤੀ ਕੀਤੀ। ਇਸ ਰਾਸ਼ਟਰੀ ਵੈਬੀਨਾਰ ਵਿੱਚ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਦਰਸ਼ਨ ਸੰਬੰਧੀ ਚਰਚਾ ਕਰਨ ਲਈ ਮੁੱਖ ਵਕਤਿਆਂ ਵਜੋਂ ਪ੍ਰੋ. ਦਲਬੀਰ ਸਿੰਘ ਅਤੇ ਡਾ. ਕੁਲਦੀਪ ਦੀਪ ਨੇ ਹਾਜ਼ਰੀ ਲਗਵਾਈ।ਪ੍ਰੋਗਰਾਮ ਦੇ ਆਰੰਭ ਵਿੱਚ ਕਾਲਜ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਸਿੱਧੂ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਵਕਤਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਉਪਰੰਤਡਾ. ਨਿਰਮਲ ਜੌੜਾ, ਡਾਇਰੈਕਟਰ ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਨੇ ਸਰੋਤਿਆਂ ਦੀ ਵੈਬੀਨਾਰ ਦੇ ਵਿਸ਼ੇ ਸੰਬੰਧੀ ਜਾਣ-ਪਛਾਣ ਕਰਵਾਈ। ਇਸ ਅਵਸਰ ਤੇ ਸ. ਪਰਮਜੀਤ ਸਿੰਘ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਕਿਹਾ ਕਿ ਸ਼੍ਰੀ ਗੁਰੂ ਤੇਗ਼ ਬਹਾਦਰ ਦੀ ਕੁਰਬਾਨੀ ਵਿਲੱਖਣ ਹੈ ਅਤੇ ਸਾਨੂੰ ਉਨ੍ਹਾਂ ਦੁਆਰਾ ਦੱਸੇ ਮਨੁੱਖਤਾ ਦੇ ਕਲਿਆਣ ਵਾਲ਼ੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਡਾ. ਸੰਜੇ ਕੌਸ਼ਿਕ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਮਹਾਨ ਕਵੀ, ਬ੍ਰਹਮਗਿਆਨੀ ਅਤੇ ਮਹਾਨ ਯੋਧੇ ਸਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਇੱਕੀਵੀਂ ਸਦੀ ਵਿੱਚ ਵੀ ਸਾਰਥਕ ਹੈ। ਇਸ ਮੌਕੇ ਮੁੱਖ ਵਕਤਾ ਡਾ. ਕੁਲਦੀਪ ਦੀਪ ਨੇ ਸੰਬੋਧਨ ਕਰਦਿਆਂ ਪੰਜਾਬੀ ਦੇ ਸ਼ਤਾਬਦੀ ਨਾਟਕ ਦੇ ਸੰਦਰਭ ਵਿੱਚ ਸ਼੍ਰੀ ਗੁਰੂ ਤੇਗ਼ ਬਹਾਦਰ ਦੇ ਜੀਵਨ ਤੇ ਦੇਣ ਬਾਰੇ ਚਰਚਾ ਕੀਤੀ ਅਤੇ ਪ੍ਰੋ. ਦਲਬੀਰ ਸਿੰਘ ਨੇ ਗੁਰੂ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਇੱਕ ਮਹਾਨ ਸੂਰਜ ਹਨ ਅਤੇ ਸੂਰਜ ਹਮੇਸ਼ਾ ਰੌਸ਼ਨੀ ਦਿੰਦਾ ਰਹਿੰਦਾ ਹੈ। ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰੀਏ। ਇਸ ਉਪਰੰਤ ਵੱਖ-ਵੱਖ ਵਿਦਵਾਨਾਂ ਅਤੇ ਖੋਜ-ਵਿਦਿਆਰਥੀਆਂ ਦੁਆਰਾ ਗੁਰੂ ਜੀ ਦੇ ਜੀਵਨ, ਯੋਗਦਾਨ ਅਤੇ ਫ਼ਲਸਫ਼ੇ ਬਾਰੇ ਪਰਚੇ ਪੜ੍ਹੇ। ਵੈਬੀਨਾਰ ਦੇ ਅਖ਼ੀਰ ਵਿੱਚ ਡਾ. ਸੋਮਪਾਲ ਹੀਰਾ, ਮੁਖੀ ਪੰਜਾਬੀ ਵਿਭਾਗ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਆਨ-ਲਾਈਨ ਵੈਬੀਨਾਰ ਦੇ ਆਯੋਜਨ ਵਿੱਚ ਪ੍ਰੋ. ਨਿਧੀ ਸਰੂਪ, ਡਾ. ਸੋਮਪਾਲ ਹੀਰਾ, ਪ੍ਰੋ. ਗੁਰਪ੍ਰੀਤ ਸਿੰਘ (ਪੰਜਾਬੀ) ਅਤੇ ਪ੍ਰੋ. ਕਰਨ ਕਪਿਲਾ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਨਿਧੀ ਸਰੂਪ ਨੇ ਅਦਾ ਕੀਤੀ।



ਯੁਵਕ ਭਲਾਈ ਵਿਭਾਗ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਅਤੇ

ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ

ਦੁਆਰਾ ਆਯੋਜਿਤ

## ਰਾਸ਼ਟਰੀ ਵੈਬੀਨਾਰ

# ਸ਼੍ਰੀ ਗੁਰੂ ਤੇਗ਼ ਬਹਾਦਰ ਜੀ : ਜੀਵਨ, ਫ਼ਲਸਫ਼ਾ ਅਤੇ ਯੋਗਦਾਨ

ਮਿਤੀ : 30 ਮਾਰਚ, 2021 ਸਮਾਂ : 11:30 ਸਵੇਰੇ ਸਥਾਨ : ਡਾ. ਈਸ਼ਵਰ ਸਿੰਘ ਮੈਮੋਰੀਅਲ ਹਾਲ

ਮਾਧਿਅਮ : Google Meet | Meeting ink : meet.google.com/wpe-cyro-wiz



ਸ. ਪਰਮਜੀਤ ਸਿੰਘ
ਡੀ.ਪੀ.ਆਈ. ਕਾਲਜਾਂ
(ਵਿਸ਼ੇਸ਼-ਮਹਿਮਾਨ)



ਡਾ. ਸੰਜੇ ਕੋਸ਼ਿਕ
(ਡੀ.ਸੀ.ਡੀ.ਸੀ.)



ਪ੍ਰੋ. ਰਾਜ ਕੁਮਾਰ
ਮਾਣਯੋਗ ਉਪ-ਕੁਲਪਤੀ
(ਮੁੱਖ-ਸਰਪ੍ਰਸਤ)



ਪ੍ਰੋ. ਦਲਬੀਰ ਸਿੰਘ
(ਵਕਤਾ)



ਡਾ. ਕੁਲਦੀਪ ਦੀਪ
(ਵਕਤਾ)

---

## ਸਰਪ੍ਰਸਤ

| ਸ਼੍ਰੀਮਤੀ ਰੂਪ ਬਰਾੜ | ਡਾ. ਨਿਰਮਲ ਜੌੜਾ | ਡਾ. ਨਰਿੰਦਰ ਸਿੰਘ ਸਿੱਧੂ |
|---|---|---|
| ਪ੍ਰਧਾਨ | ਡਾਇਰੈਕਟਰ, ਯੁਵਕ ਭਾਲਾਈ ਵਿਭਾਗ | ਪ੍ਰਿੰਸੀਪਲ |

Website: www.gnncdoraha.edu.in | E-mail id: gnncollegedoraha@rediffmail.com